# ਅਜ਼ਾਦੀ ਦੀ ਵਾਰ

ਮਨਮੋਹਨ ਸਿੰਘ ਦਾਊਂ



(ਬਾਲ-ਸਾਹਿਤ)

# ਅਜ਼ਾਦੀ ਦੀ ਵਾਰ

ਲੇਖਕ : ਮਨਮੋਹਨ ਸਿੰਘ ਦਾਊਂ

ਚਿੱਤਰਕਾਰ : ਪਰਦੀਪ ਮਠਾੜੂ

ਊੱਤਮ ਪਬਲੀਕੇਸ਼ਨ ਦਾਊਂ

# AZADI DI WAR

*(Story of Independence in Punjabi Verse)*

*By : Manmohan Singh Daon*

***1997***

© ਸਭ ਹੱਕ ਲੇਖਕ ਦੇ ਰਾਖਵੇਂ ਹਨ।

*Artist* : *Pardeep Matharu*

*Price* : *Rs. 25/-*

*Publisher* : ***Uttam Publication***
: *V.P.O. Daon*
: *Teh. Kharar Distt. Ropar (Punjab)*

PRINTED AT : TEXLA ART PRESS, CHANDIGARH PH 690020

ਸਤਿਕਾਰ ਸਹਿਤ

ਅਜ਼ਾਦੀ ਘੁਲਾਟੀਆਂ

ਨੂੰ

ਸਮਰਪਿਤ

# ਲੇਖਕ ਦੀਆਂ ਰਚਨਾਵਾਂ 'ਤੇ ਇੱਕ ਝਾਤ

**ਬਾਲ-ਸਾਹਿਤ**

1. ਚਾਚਾ ਨਹਿਰੂ
2. ਫਲਾਂ ਦੀ ਟੋਕਰੀ (ਨੈਸ਼ਨਲ ਬੁੱਕ ਟੱਰਸਟ ਵੱਲੋਂ 1989-90 ਲਈ ਚੁਣੀ ਉੱਤਮ ਰਚਨਾ)
3. ਪੰਛੀਆਂ ਦੇ ਗੀਤ
4. ਸਭਿਆਚਾਰਕ ਮੁਹਾਂਦਰੇ (ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਨਾਮ ਜੇਤੂ)
5. ਮੇਰਾ ਦੀਵਾ (ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਇਨਾਮ ਜੇਤੂ)
6. ਫੁੱਲਾਂ ਵਾਲਾ ਘਰ (ਭਾਸ਼ਾ ਵਿਭਾਗ, ਪੰਜਾਬ ਵੱਲੋਂ ਇਨਾਮ ਜੇਤੂ)
7. ਚਾਨਣ ਦੀ ਟਹਿਣੀ (ਭਾਸ਼ਾ ਵਿਭਾਗ , ਪੰਜਾਬ ਵੱਲੋਂ ਇਨਾਮ ਜੇਤੂ)
8. ਸੋਨ ਸਵੇਰਾ
9. ਰੁੱਖਾਂ ਦਾ ਖ਼ਜ਼ਾਨਾ
10. ਫੁੱਲਾਂ ਦਾ ਪੰਘੂੜਾ
11. ਧਰਤੀ ਦੇ ਰੰਗ
12. ਸ਼ੁੱਧ ਹਵਾ ਦੀ ਲੋੜ
13. ਬਾਲ ਝਰੋਖਾ (ਭਾਸ਼ਾ ਵਿਭਾਗ, ਪੰਜਾਬ ਵਲੋਂ ਇਨਾਮ ਜੇਤੂ)
14. ਅਜ਼ਾਦੀ ਦੀ ਵਾਰ
15. ਪੀਂਘ ਹੁਲਾਰੇ
16. ਅਹਿੰਸਾ ਦਾ ਪੁਜਾਰੀ

**ਕਾਵਿ-ਸੰਗ੍ਰਹਿ**

1. ਖ਼ਾਮੋਸ਼ ਚਸ਼ਮਾ
2. ਦਰਦ ਸੰਗ ਦੋਸਤੀ
3. ਰਾਤਾਂ ਪ੍ਰਭਾਤਾਂ
4. ਮਿੱਟੀ ਦਾ ਰੁਦਨ
5. ਜਜ਼ਬਿਆਂ ਦੀ ਸਾਂਝ (ਸੰਪਾਦਨਾ)
6. ਤ੍ਰਿਹਾਏ ਪੱਤਣ (ਸੰਪਾਦਨਾ)

# ਇਸ ਪੁਸਤਕ ਬਾਰੇ

ਭਾਰਤ ਦੀ ਅਜ਼ਾਦੀ ਦਾ ਇਤਿਹਾਸ ਬੜਾ ਲੰਮਾ ਹੈ। ਅਜ਼ਾਦੀ ਦੇ ਸੰਘਰਸ਼ ਲਈ ਅਣਗਿਣਤ ਭਾਰਤ ਵਾਸੀਆਂ ਨੇ ਕੈਦਾਂ ਕੱਟੀਆਂ, ਤਸੀਹੇ ਝੱਲੇ, ਜਬਰ ਤੇ ਜ਼ੁਲਮ ਦਾ ਮੁਕਾਬਲਾ ਕੀਤਾ, ਗੋਲੀਆਂ ਦਾ ਨਿਸ਼ਾਨਾ ਬਣੇ, ਫਾਂਸੀ ਦੇ ਰੱਸੇ ਨੂੰ ਚੁੰਮਿਆ, ਦੇਸ਼ ਦੀ ਆਨ ਸ਼ਾਨ ਲਈ ਸ਼ਹੀਦੀਆਂ ਪਾਈਆਂ, ਬਦੇਸਾਂ ਵਿੱਚ ਜਾ ਕੇ ਵੀ ਅਜ਼ਾਦੀ ਦੇ ਸੰਘਰਸ਼ ਨੂੰ ਤਿੱਖਾ ਕੀਤਾ ਅਤੇ ਤਨ-ਮਨ-ਧਨ ਨਾਲ ਅਜ਼ਾਂਦੀ ਦੀ ਲਾਟ ਨੂੰ ਬੱਲਦਾ ਰੱਖਿਆ। ਭਾਰਤ ਦੇ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦਾ ਡੁੱਲ੍ਹਿਆ ਸਾਂਝਾ ਲਹੂ ਲੋਕਾਂ ਦੀ ਕੁਰਬਾਨੀ ਦਾ ਸਬੂਤ ਹੈ।

ਆਖ਼ਿਰ ਅੰਗਰੇਜ਼ ਸਰਕਾਰ ਦੀ ਹਾਰ ਹੋਈ ਤੇ ਲੋਕ-ਸ਼ਕਤੀ ਦੀ ਜਿੱਤ ਹੋਈ। 15 ਅਗਸਤ, 1947 ਨੂੰ ਅਜ਼ਾਦੀ ਮਿਲੀ ਤੇ ਲੋਕ-ਰਾਜ ਸਥਾਪਿਤ ਹੋਇਆ।

ਮੈਂ ਇਸ ਕਾਵਿ-ਰਚਨਾ ਰਾਹੀਂ, ਬੱਚਿਆਂ ਨੂੰ ਅਜ਼ਾਦੀ ਦੀ ਲੰਮੀ ਕਹਾਣੀ ਨੂੰ ਸੰਖੇਪ ਤੇ ਸਰਲ ਵਿਧੀ ਰਾਹੀਂ ਪੇਸ਼ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ।


ਅਜ਼ਾਦੀ ਦੇ ਘੁਲਾਟੀਆਂ ਨੂੰ ਮੇਰਾ ਲੱਖ-ਲੱਖ ਪ੍ਰਣਾਮ।

ਇਸ ਪੁਸਤਕ ਲਈ ਵਡਮੁੱਲੇ ਸੁਝਾਅ ਦੇਣ ਲਈ, ਮੈਂ ਆਪਣੇ ਮਿੱਤਰ ਸ੍ਰੀ ਦਿਲਸ਼ੇਰ ਸਿੰਘ ਨਿਰਦੋਸ਼ ਦਾ ਧੰਨਵਾਦੀ ਹਾਂ।

ਇਸ ਰਚਨਾ ਨੂੰ ਸਚਿੱਤਰ ਬਣਾਉਣ ਲਈ ਮੇਰੇ ਹੋਣਹਾਰ ਸ਼ਗਿਰਦ ਪਰਦੀਪ ਮਠਾੜੂ ਨੇ ਬੜੀ ਮਿਹਨਤ ਕਰ ਕੇ ਮੈਨੂੰ ਸਹਿਯੋਗ ਦਿੱਤਾ ਹੈ। ਸ਼੍ਰੀ ਤਰਲੋਚਨ ਸਿੰਘ, ਟੈਕਸਲਾ ਪ੍ਰਿੰਟਿੰਗ ਪ੍ਰੈਸ ਪਲਸੌਰਾ (ਯੂ.ਟੀ. ਚੰਡੀਗੜ੍ਹ) ਦਾ ਮੈਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਰਚਨਾ ਨੂੰ ਬਿਨਾਂ ਦੇਰੀ ਕੀਤਿਆਂ ਪੁਸਤਕ ਦਾ ਰੂਪ ਪ੍ਰਦਾਨ ਕੀਤਾ ਹੈ।

ਪਾਠਕਾਂ ਵੱਲੋਂ ਸੁਝਾਅ ਤੇ ਰਾਵਾਂ ਦੀ ਮੈਨੂੰ ਉਡੀਕ ਰਹੇਗੀ।


ਪਿੰਡ ਤੇ ਡਾਕਘਰ ਦਾਊਂ — ਮਨਮੋਹਨ ਸਿੰਘ ਦਾਊਂ
ਤਹਿ. ਮੁਹਾਲੀ (ਰੋਪੜ)



ਆਓ ਯਾਦ ਕਰੀਏ
ਅੱਜ, ਸੰਨ ਸੰਤਾਲੀ ਨੂੰ,
ਕਿੰਝ ਅਸਾਂ ਲਾਹਿਆ
ਗੁਲਾਮੀ ਦੀ ਪੰਜਾਲੀ ਨੂੰ।

ਦੇਸ ਸੀ ਗੁਲਾਮ
ਗੋਰਾ ਰਾਜ ਕਰਦਾ,
ਅੰਗਰੇਜ਼ੀ ਸੱਤਾ ਕੋਲੋਂ
ਹਰ ਕੋਈ ਡਰਦਾ।




JAIL

ਕਿੰਨਿਆਂ ਸ਼ਹੀਦਾਂ ਦਾ ਸੀ
ਖ਼ੂਨ ਵਹਿ ਲਿਆ,
ਜ਼ੁਲਮ ਅਤੇ ਜਬਰ
ਡੇਢ ਸਦੀ ਸਹਿ ਲਿਆ।

ਗੁਲਾਮੀ ਵਾਲੀ ਜ਼ਿੰਦਗੀ
ਨਕਾਰਾ ਹੋਂਵਦੀ,
ਅਣਖ ਨਾਲ ਜਿਊਣ ਦਾ
ਹੈ ਚੱਜ ਖੋਂਵਦੀ।




JAIL

ਆਪਣਾ ਹੀ ਦੇਸ
ਲਗਦਾ ਬਿਗਾਨਾ ਸੀ,
ਹੱਕ ਸੱਚ ਲਈ
ਗੋਲੀ ਦਾ ਨਿਸ਼ਾਨਾ ਸੀ।

ਗੋਰਿਆਂ ਨੇ ਹਿੰਦ ਨੂੰ
ਕੰਗਾਲ ਕਰਿਆ,
ਆਪਣੇ ਹੀ ਦੇਸ ਦਾ
ਖ਼ਜ਼ਾਨਾ ਭਰਿਆ।



ਝਾਂਸੀ ਦੀ ਰਾਣੀ



ਲੋਕਾਂ ਨੇ ਅਜ਼ਾਦੀ ਲਈ
ਲਹੂ ਵਾਰਿਆ,
ਹਿੰਦੂ, ਸਿੱਖ, ਮੁਸਲਮਾਨਾਂ ਰਲ
ਮੁੱਲ ਤਾਰਿਆ।

ਅਠਾਰਾਂ ਸੌ ਸਤਵੰਜਾ ਵਿੱਚ
ਜੋਸ਼ ਭਖਿਆ,
ਰਾਣੀ ਝਾਂਸੀ ਜੰਗ ਵਿੱਚ
ਪੈਰ ਰੱਖਿਆ।



ਹੈਦਰ ਅਲੀ




ਟੀਪੂ ਸੁਲਤਾਨ



ਤਾਂਤੀਆ ਟੋਪੇ




ਨਾਨਾ ਸਾਹਿਬ



ਤਾਂਤੀਆ ਤੋਪੇ ਜੋਧੇ ਨੇ
ਕਮਾਲਾਂ ਕੀਤੀਆਂ,
ਗੋਰੇ ਦੇ ਵਿਰੁੱਧ
ਘੜੀਆਂ ਯੁੱਧ-ਨੀਤੀਆਂ।

ਟੀਪੂ ਸੁਲਤਾਨ ਸੂਰਾ
ਹੱਠ ਨਾਲ ਲੜਿਆ,
ਹੈਦਰਅਲੀ, ਨਾਨਾ ਸਾਹਿਬ
ਵੈਰੀਆਂ ਨੂੰ ਦੜਿਆ।


ਸਤਿਗੁਰੂ ਰਾਮ ਸਿੰਘ
JAIL

ਕੂਕਾ ਲਹਿਰ ਵੱਖਰਾ
ਇਤਿਹਾਸ ਬੰਨ੍ਹਿਆਂ,
ਤੋਪਾਂ ਅੱਗੇ ਬੀਰਾਂ ਦਾ
ਨਾ ਜੋਸ਼ ਥੰਮ੍ਹਿਆਂ।


ਸਤਿਗੁਰੂ ਰਾਮ ਸਿੰਘ
ਜੇਲ੍ਹਾਂ ਕੱਟੀਆਂ,
ਵਾਰੀਆਂ ਵਤਨ ਲਈ
ਜਾਨਾਂ ਸੁੱਚੀਆਂ।



ਲਾਲਾ ਹਰਦਿਆਲ



ਸੋਹਨ ਸਿੰਘ ਭਕਨਾ




ਗ਼ਦਰ–ਲਹਿਰ ਬਦੇਸੋਂ
ਗੂੰਜ ਕੇ ਪੁਕਾਰਦੀ,
'ਕਾਮਾ ਗਾਟਾ ਮਾਰੂ' ਰਾਹੀਂ
ਮੁੱਲ ਤਾਰਦੀ।

ਸੋਹਨ ਸਿੰਘ ਭਕਨਾ ਨੇ
ਜੋਸ਼ ਭਰਿਆ,
ਲਾਲਾ ਹਰਦਿਆਲ ਨਾ
ਕਿਸੇ ਤੋਂ ਡਰਿਆ




ਕਰਤਾਰ ਸਿੰਘ ਸਰਾਭਾ



ਮਦਨ ਲਾਲ ਢੀਂਗਰਾ



ਕਾਂਸ਼ੀ ਰਾਮ



‘ਕਾਂਸ਼ੀ ਰਾਮ’, ‘ਢੀਂਗਰੇ’ ਦਾ
ਲਹੂ ਤੱਤੜਾ,
ਸ਼ਹੀਦਾਂ ਦਾ ਇਤਿਹਾਸ
ਹੁੰਦਾ ਅੱਗ ਰੱਤੜਾ।

ਕਰਤਾਰ ਸਿੰਘ ਸਰਾਭਾ ਹੁਰਾਂ
ਜਿੰਦਾਂ ਵਾਰੀਆਂ,
ਗ਼ਦਰੀਆਂ ਲੇਖੇ ਲਾਈਆਂ
ਜਾਨਾਂ ਪਿਆਰੀਆਂ।




JAIL

ਮੱਚ ਗਈ ਅਜ਼ਾਦੀ ਲਈ
ਹਾ-ਹਾ ਕਾਰ ਸੀ,
ਹਰ ਕੋਈ ਵਾਰਨੇ ਨੂੰ
ਆਪਾ ਤਿਆਰ ਸੀ।

ਜੱਲ੍ਹਿਆਂ ਵਾਲਾ ਬਾਗ਼ ਵਿੱਚ
ਲਹੂ ਡੁੱਲ੍ਹਿਆ,
ਲੋਕਾਂ ਨੂੰ ਵਿਸਾਖੀ ਸਾਕਾ
ਨਾ 'ਡਾਇਰ' ਭੁੱਲਿਆ।



ਸਰਦਾਰ ਪਟੇਲ



ਗੋਖਲੇ



ਲੋਕ ਮਾਨਿਆ ਤਿਲਕ




ਗੋਵਿੰਦ ਬਲੱਭ ਪੰਤ



‘ਪਟੇਲ’, ‘ਤਿਲਕ’, ‘ਗੋਖਲੇ’
ਤੇ ‘ਪੰਤ’ ਸਾਰਿਆਂ,
ਲੋਕਾਂ ਨੂੰ ਜਗਾਇਆ
ਲੀਡਰਾਂ ਪਿਆਰਿਆਂ।

‘ਛੱਡ ਜਾਓ ਭਾਰਤ’
ਹਰ ਕੋਈ ਆਖਦਾ,
ਗੋਰਿਆਂ ਨੂੰ ਕੌੜੀ
ਅੱਖ ਨਾਲ ਝਾਕਦਾ।


ਜਵਾਹਰ ਲਾਲ ਨਹਿਰੂ
ਮਹਾਤਮਾ ਗਾਂਧੀ
JAIL

'ਗਾਂਧੀ', 'ਨਹਿਰੂ' ਲੀਡਰਾਂ
ਤਕਰੀਰਾਂ ਕਰੀਆਂ,
ਕਰਕੇ ਕ੍ਰਾਂਤੀ ਲੋਕਾਂ,
ਜੇਲ੍ਹਾਂ ਭਰੀਆਂ।

ਕਰ ਸੱਤਿਆਗ੍ਰਹਿ
ਭੁੱਖਾਂ ਕੈਦਾਂ ਜਰੀਆਂ,
ਲਾਠੀਆਂ ਤੇ ਗੋਲੀਆਂ
ਪਿੰਡੇ 'ਤੇ ਵਰ੍ਹੀਆਂ।



ਸ਼ੁਭਾਸ਼ ਚੰਦਰ ਬੋਸ




ਬੰਗਾਲ ਵਿੱਚ ਬਹਾਦਰੀ ਦਾ
ਜੋਸ਼ ਮਘਿਆ,
ਲੋਕਾਂ ਵਿੱਚ ਰੋਹ ਵਾਲਾ
ਸ਼ੋਅਲਾ ਦਗਿਆ।

ਅਜ਼ਾਦ-ਹਿੰਦ ਫ਼ੌਜੀਆਂ
ਨੇ ਪੀੜਾਂ ਝੱਲੀਆਂ,
ਸੁਭਾਸ਼ ਚੰਦਰ ਬੋਸ
ਅਤੀ ਘਾਲਾਂ ਘੱਲੀਆਂ।




ਲਾਲਾ ਲਾਜਪਤ ਰਾਏ






ਜ਼ੁਲਮ ਦੇ ਕਾਨੂੰਨ ਅੱਗੇ
'ਲਾਜਪਤ' ਬੋਲਿਆ,
ਦੇਸ ਦਾ ਸਪੂਤ
ਰਤਾ ਵੀ ਨਾ ਡੋਲਿਆ।

'ਸਾਈਮਨ ਕਮਿਸ਼ਨ'
ਦੇਸ ਵਿੱਚੋਂ ਕੱਢਿਆ,
ਸਵੈ-ਰਾਜ ਲੈਣ ਲਈ
ਨਾਅਰਾ ਛੱਡਿਆ।


ਰਾਜ ਗੁਰੂ
ਸ: ਭਗਤ ਸਿੰਘ
ਸੁਖਦੇਵ





ਭਗਤ ਸਿੰਘ ਉੱਠਿਆ
ਤੂਫ਼ਾਨ ਵਾਂਗਰਾਂ
ਗੋਰੀ ਸਰਕਾਰ ਲੱਗੀ
ਮਾਰਨ ਚਾਂਗਰਾਂ।

ਭਗਤ ਸਿੰਘ ਹੱਸ-ਹੱਸ,
ਫਾਂਸੀ - ਚੜ੍ਹਿਆ,
'ਰਾਜਗੁਰੂ' - 'ਸੁਖਦੇਵ'
ਸੱਜੇ ਖੱਬੇ ਖੜਿਆ।



ਸ: ਊਧਮ ਸਿੰਘ






ਇਨਕਲਾਬ – ਜ਼ਿੰਦਾਬਾਦ
ਬੁੱਲ੍ਹਾਂ ਉੱਤੇ ਨਾਅਰਾ ਸੀ,
ਜਾਨ ਨਾਲੋਂ ਦੇਸ
ਸਭ ਨੂੰ ਪਿਆਰਾ ਸੀ।

ਊਧਮ ਸਿੰਘ ਜੋਧਾ
ਲੰਦਨ ਜਾ ਵੰਗਾਰਿਆ,
ਇੱਕੀ ਸਾਲਾਂ ਪਿੱਛੋਂ
'ਉਡਵਾਇਰ' ਮਾਰਿਆ।




ਅਜ਼ਾਦ ਭਾਰਤ ਦੀ ਸੁਣੋ ਕਹਾਣੀ,
ਖ਼ੁਸ਼ੀ 'ਚ ਨੱਚੇ ਹਰ ਇੱਕ ਪ੍ਰਾਣੀ ।



ਲੋਕਾਂ ਨੇ ਅਜ਼ਾਦੀ ਲਈ
ਝਾਲਾਂ ਝੱਲੀਆਂ,
ਲਹੂ ਦੀਆਂ ਨੇਰ੍ਹੀਆਂ
ਸੀਨਿਆਂ 'ਤੇ ਠੱਲ੍ਹੀਆਂ।

ਟੁੱਟੀਆਂ ਜੰਜੀਰਾਂ
ਸੱਭੇ ਕੈਦਾਂ ਮੁੱਕੀਆਂ,
ਗੁਲਾਮੀ ਦੀਆਂ ਪੰਡਾਂ
ਸਿਰੋਂ ਗਈਆਂ ਚੁੱਕੀਆਂ।



ਲਾਲ ਕਿਲਾ

ਪੰਦਰ੍ਹਾਂ ਅਗਸਤ ਵਾਲੀ
ਘੜੀ ਆ ਗਈ,
ਸੰਤਾਲੀ 'ਚ ਅਜ਼ਾਦੀ ਨਾਲ
ਖੁਸ਼ੀ ਛਾ ਗਈ।

ਲਾਲ ਕਿਲੇ ਉੱਤੇ
ਕੌਮੀ ਝੰਡਾ ਲਹਿਰਿਆ,
ਕੁਰਬਾਨੀਆਂ ਦੀ ਲਾਟ ਸਾਹਵੇਂ
ਨਾ ਗੋਰਾ ਠਹਿਰਿਆ।




ਸਾਨੂੰ ਭਾਰਤ ਉੱਤੇ ਨਾਜ਼,
ਅਮਨ ਖੁਸ਼ੀ ਦਾ ਹੋਵੇ ਰਾਜ।

ਲੋਕ-ਰਾਜ ਆਇਆ
ਸ਼ਾਨਾਂ ਹੋਈਆ ਉੱਚੀਆਂ,
ਖੇੜਾ, ਖੁਸ਼ੀ ਨਾਲ ਪੌਣਾ
ਨੱਚ ਉੱਠੀਆਂ ।

ਭੀੜ ਸਮੇਂ ਦੇਸ ਲਈ
ਸਦਾ ਢੁੱਕੀਏ,
ਕੌਮ ਦੇ ਸ਼ਹੀਦਾਂ ਨੂੰ
ਕਦੇ ਨਾ ਭੁੱਲੀਏ !!

# ਇਸ ਪੁਸਤਕ ਵਿੱਚਲੇ ਅਜ਼ਾਦੀ ਘੁਲਾਟੀਆਂ ਦੇ ਨਾਂਵਾਂ ਦੀ ਸੂਚੀ


| | | | |
|---|---|---|---|
| 1. | ਰਾਣੀ ਝਾਂਸੀ | : ਮਹਾਰਾਣੀ ਲਕਸ਼ਮੀ ਬਾਈ | ਪੰਨਾਂ 13 |
| 2. | ਤਾਂਤੀਆ ਤੋਪੇ | | ਪੰਨਾਂ 15 |
| 3. | ਟੀਪੂ ਸੁਲਤਾਨ | | ਪੰਨਾਂ 15 |
| 4. | ਹੈਦਰਅਲੀ | | ਪੰਨਾਂ 15 |
| 5. | ਨਾਨਾ ਸਾਹਿਬ | : ਨਾਨਾ ਫਰਨਵੀਸ | ਪੰਨਾਂ 15 |
| 6. | ਸਤਿਗੁਰੂ ਰਾਮ ਸਿੰਘ | : ਨਾਮਧਾਰੀ | ਪੰਨਾਂ 17 |
| 7. | ਸੋਹਣ ਸਿੰਘ ਭਕਨਾ | | ਪੰਨਾਂ 19 |
| 8. | ਲਾਲਾ ਹਰਦਿਆਲ | | ਪੰਨਾਂ 19 |
| 9. | ਕਾਸ਼ੀ ਰਾਮ | : ਸ਼ਹੀਦ | ਪੰਨਾਂ 21 |
| 10. | ਢੀਂਗਰਾ | : ਮਦਨ ਲਾਲ ਢੀਂਗਰਾ ਸ਼ਹੀਦ | ਪੰਨਾਂ 21 |
| 11. | ਕਰਤਾਰ ਸਿੰਘ ਸਰਾਭਾ | : ਸ਼ਹੀਦ | ਪੰਨਾਂ 21 |
| 12. | ਪਟੇਲ | : ਸ੍ਰ. ਵੱਲਭ ਭਾਈ ਪਟੇਲ | ਪੰਨਾਂ 25 |
| 13. | ਤਿਲਕ | : ਬਾਲ ਗੰਗਾ ਧਰ ਤਿਲਕ | ਪੰਨਾਂ 25 |
| 14. | ਗੋਖਲੇ | : ਗੋਪਾਲ ਕ੍ਰਿਸ਼ਨ ਗੋਖਲੇ | ਪੰਨਾਂ 25 |
| 15. | ਪੰਤ | : ਗੋਬਿੰਦ ਵਲਭ ਪੰਤ | ਪੰਨਾਂ 25 |
| 16. | ਗਾਂਧੀ | : ਮੋਹਨ ਦਾਸ ਕਰਮਚੰਦ ਗਾਂਧੀ (ਮਹਾਤਮਾ ਗਾਂਧੀ) | ਪੰਨਾਂ 27 |
| 17. | ਨਹਿਰੂ | : ਪੰਡਿਤ ਜਵਾਹਰ ਲਾਲ ਨਹਿਰੂ | ਪੰਨਾਂ 27 |
| 18. | ਸੁਭਾਸ਼ ਚੰਦਰ ਬੋਸ | : | ਪੰਨਾਂ 29 |
| 19. | ਲਾਜਪਤ | : ਲਾਲਾ ਲਾਜਪਤ ਰਾਏ, ਸ਼ਹੀਦ | ਪੰਨਾਂ 31 |
| 20. | ਭਗਤ ਸਿੰਘ | : ਸ੍ਰ. ਭਗਤ ਸਿੰਘ, ਸ਼ਹੀਦ | ਪੰਨਾਂ 33 |
| 21. | ਰਾਜਗੁਰੂ | : ਸ਼ਹੀਦ | ਪੰਨਾਂ 33 |
| 22. | ਸੁਖਦੇਵ | : ਸ਼ਹੀਦ | ਪੰਨਾਂ 33 |
| 23. | ਊਧਮ ਸਿੰਘ | : ਸ਼ਹੀਦ (ਰਾਮ ਮੁਹੰਮਦ ਸਿੰਘ ਅਜ਼ਾਦ) | ਪੰਨਾਂ 35 |



## ਲੇਖਕ ਦੀਆਂ ਚਰਚਿਤ
## ਬਾਲ-ਪੁਸਤਕਾਂ ਬਾਰੇ ਮੁੱਲਵਾਨ ਟਿੱਪਣੀਆਂ

**ਚਾਚਾ ਨਹਿਰੂ** : ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਅਤੇ ਬੱਚਿਆਂ ਦੇ ਹਰਮਨ ਪਿਆਰੇ ਨੇਤਾ ਸ੍ਰੀ ਜਵਾਹਰ ਲਾਲ ਨਹਿਰੂ ਦੇ ਜੀਵਨ ਦੇ ਲਗ-ਪਗ ਹਰ ਖੇਤਰ ਉੱਤੇ ਰੌਸ਼ਨੀ ਪਾਉਣ ਵਾਲੀ ਸਰਲ ਭਾਸ਼ਾ 'ਚ ਲਿਖੀ ਤਸਵੀਰਾਂ ਭਰਪੂਰ ਪੁਸਤਕ।

**ਫਲਾਂ ਦੀ ਟੋਕਰੀ** : 25 ਫਲਾਂ ਬਾਰੇ ਨਿਕੜੇ ਬੱਚਿਆਂ ਲਈ ਨਰਸਰੀ-ਗੀਤਾਂ ਦੀ ਵਿਲੱਖਣ ਤੇ ਖ਼ੂਬਸੂਰਤ ਦਿੱਖ ਵਾਲੀ ਰੰਗਦਾਰ ਪੁਸਤਕ ਜੋ ਸੱਚ ਮੁੱਚ ਹੀ ਫਲ ਖਾਣ ਵਰਗਾ ਸੁਆਦ ਦੇਂਦੀ ਹੈ।

**ਸਭਿਆਚਾਰਕ ਮੁਹਾਂਦਰੇ** : ਪੇਂਡੂ ਸਭਿਆਚਾਰ ਨੂੰ ਰੌਚਿਕ ਵਾਰਤਕ ਸ਼ੈਲੀ ਵਿੱਚ ਪੇਸ਼ ਕਰਨ ਵਾਲੀ ਉੱਤਮ ਰਚਨਾ ਜਿਹੜੀ ਬੱਚਿਆਂ ਨੂੰ ਆਪਣੇ ਪੇਂਡੂ ਵਿਰਸੇ ਤੋਂ ਜਾਗਰੂਕ ਕਰਾਉਂਦੀ ਹੈ।

**ਰੁੱਖਾਂ ਦਾ ਖ਼ਜ਼ਾਨਾ** : ਰੁੱਖਾਂ ਦੇ ਮਹੱਤਵ ਨੂੰ ਪਛਾਨਣ ਤੇ ਉਘਾੜਨ ਵਾਲੀ ਸਫ਼ਲ ਛੰਦਾ-ਬੰਦੀ ਵਾਲੀ ਕਾਵਿ-ਰਚਨਾ, ਬੱਚਿਆਂ ਅੰਦਰ ਸੌਂਦਰਯ-ਬੋਧ ਦੀ ਰੁਚੀ ਪੈਦਾ ਕਰਦੀ ਹੈ।

**ਫੁੱਲਾਂ ਦਾ ਪੰਘੂੜਾ** : ਵੱਖੋ ਵੱਖਰੇ ਫੁੱਲਾਂ ਬਾਰੇ ਆਪਣੀ ਕਿਸਮ ਦੀਆਂ ਬਾਲ ਮਨਾਂ ਨੂੰ ਪੋਂਹਦੀਆਂ ਸਚਿੱਤਰ ਕਵਿਤਾਵਾਂ ਫੁੱਲਾਂ ਦਾ ਗੁਲਦਸਤਾ ਬਣ ਕੇ ਮਹਿਕਾਂ ਵੰਡਦੀਆਂ ਹਨ।

**ਪੰਛੀਆਂ ਦੇ ਗੀਤ** : 20 ਪੰਛੀਆਂ ਬਾਰੇ ਜਾਣਕਾਰੀ ਭਰਪੂਰ ਮਨਮੋਹਕ ਕਵਿਤਾਵਾਂ ਵਾਲੀ ਸਚਿੱਤਰ ਪੁਸਤਕ ਜੋ ਬੱਚਿਆਂ ਦੇ ਮਨਭਾਉਂਦੀ ਹੈ।

**ਧਰਤੀ ਦੇ ਰੰਗ** : ਧਰਤੀ ਬਾਰੇ ਖ਼ੂਬਸੂਰਤ ਕਾਵਿਕ ਛੰਦਾ-ਬੰਦੀ ਦੁਆਰਾ ਰੌਚਿਕ ਤੇ ਰੰਗਦਾਰ ਸਚਿੱਤਰਾਂ ਰਾਹੀਂ ਵਿਗਿਆਨਕ ਜਾਣਕਾਰੀ।

**ਬਾਲ ਝਰੋਖਾ** : ਬਚਪਨ ਦੀਆਂ ਯਾਦਾਂ ਨੂੰ ਬਹੁਤ ਹੀ ਰੌਚਿਕ ਸ਼ੈਲੀ ਵਿੱਚ ਪੇਸ਼ ਕਰਨ ਵਾਲੀ ਪੰਜਾਬੀ ਬਾਲ-ਸਾਹਿਤ ਵਿੱਚ ਨਾਂ ਖੱਟਣ ਵਾਲੀ ਵਿੱਲਖਣ ਚਰਚਿਤ ਪੁਸਤਕ ਜੋ ਪਾਠਕ ਨੂੰ ਆਪਣੇ ਬਚਪਨ ਵਿੱਚ ਲੈ ਜਾਂਦੀ ਹੈ।